12

# ਅਬੀਗੈਲ

## ਚੰਗੀ ਸਮਝ ਵਾਲੀ ਔਰਤ

(25:14-42)

ਇਕ ਪੁਰਾਣੀ ਜਰਮਨ ਕਹਾਵਤ ਕਿ ''ਔਰਤ ਦਾ ਇਕ ਵਾਲ ਘੰਟੀ ਦੀ ਰੱਸੀ ਨਾਲੋਂ ਬਹੁਤ ਖਿੱਚ ਸਕਦਾ ਹੈ'' ਤੋਂ ਸਮਾਜ ਉੱਤੇ ਔਰਤ ਦੇ ਪ੍ਰਭਾਵ ਦਾ ਬਹੁਤ ਕੁਝ ਪਤਾ ਲਗਦਾ ਹੈ। ਖ਼ੂਬਸੂਰਤ ਅਬੀਗੈਲ ਇਸ ਕਹਾਵਤ ਨੂੰ ਚਿੱਤਰਤ ਕਰਦੀ ਹੈ। ਬਾਈਬਲ ਵਿੱਚੋਂ ਸਾਨੂੰ ਉਸਦੇ ਮਾਂ ਬਾਪ ਜਾਂ ਉਸਦੇ ਖ਼ਾਨਦਾਨ ਬਾਰੇ ਕੁਝ ਪਤਾ ਨਹੀਂ ਲਗਦਾ। ਉਸ ਦਾ ਪਾਲਣ ਪੋਸ਼ਣ ਖ਼ੁਦਾ ਦੇ ਖ਼ੌਫ਼ ਵਿਚ ਹੋਇਆ ਸੀ, ਕਿਉਂਕਿ ਉਹ ਖ਼ੁਦਾ ਨੂੰ ਜਾਣਦੀ ਸੀ ਅਤੇ ਉਸ ਦਾ ਭੈ ਮੰਨਦੀ ਸੀ।

1 ਸਮੂਏਲ ਵਿਚ ਉਸ ਬਾਰੇ ਸਾਨੂੰ ਇਨ੍ਹਾਂ ਗੱਲਾਂ ਦਾ ਪਤਾ ਚੱਲਦਾ ਹੈ, ਉਸਦੇ ਨਾਮ ਦਾ ਅਰਥ ''ਅਨੰਦ ਦਾ ਕਾਰਣ'' ਸੀ ਅਤੇ ਉਸ ਉਸ ਦੇ ਬਾਹਰੀ ਰੂਪ ਅਤੇ ਦੂਜਿਆਂ ਦੇ ਪ੍ਰਭਾਵ ਨਾਲ ਇਸ ਦਾ ਪਤਾ ਚੱਲਦਾ ਸੀ। ਉਸ ਦਾ ਇਹ ਵਿਆਹ ਉਸ ਦੀ ਆਪਣੀ ਪਸੰਦ ਨਾਲ ਨਹੀਂ ਹੋਇਆ ਹੋਵੇਗਾ। ਕਿਉਂਕਿ ਪੁਰਾਣੇ ਰੀਤੀ ਰਿਵਾਜਾਂ ਦੇ ਅਨੁਸਾਰ ਲੜਕੀ ਆਪਣੇ ਪਿਤਾ ਦੁਆਰਾ ਚੁਣੇ ਗਏ ਲੜਕੇ ਨਾਲ ਵਿਆਹ ਕਰਨ ਲਈ ਮਜਬੂਰ ਹੁੰਦੀ ਸੀ। ਉਹ ''ਬੁੱਧਵਾਨ ਅਤੇ ਰੂਪਵੰਤ ਸੀ'' (25:3)। ਅੱਜ ਦੀਆਂ ਬਹੁਤ ਸਾਰੀਆਂ ਔਰਤਾਂ ਵਿੱਚੋਂ ਜੋ ਬਾਹਰੀ ਖ਼ੂਬਸੂਰਤੀ ਉੱਤੇ ਧਿਆਨ ਦਿੰਦੀਆਂ ਹਨ ਅਤੇ ਦਿਮਾਗ ਨੂੰ ਨਜ਼ਰਅੰਦਾਜ਼ ਕਰ ਦਿੰਦੀਆਂ ਹਨ, ਇਨ੍ਹਾਂ ਦੋਹਾਂ ਖ਼ੂਬੀਆਂ ਦੇ ਨਾਲ–ਨਾਲ ਰੱਖਣ ਤੇ ਧਿਆਨ ਨਹੀਂ ਦਿੱਤਾ ਜਾਂਦਾ! ਬਾਈਬਲ ਵਿਚ ਤਿੰਨ ਅਜਿਹੀਆਂ ਹੋਰ ਔਰਤਾਂ (ਸਾਰਾਹ, ਵਸ਼ਤੀ ਅਤੇ ਬਥਸ਼ਬਾ) ਨੂੰ ''ਸੋਹਣੀ'' ਕਿਹਾ ਗਿਆ ਹੈ। ਅਬੀਗੈਲ ਵਿਚ ਅਸੀਂ ਵੇਖਦੇ ਹਾਂ ਕਿ ਉਸਦੀ ਸਰੀਰਕ ਖ਼ੂਬਸੂਰਤੀ ਉਸ ਦੀ ਭਲਿਆਈ ਅਤੇ ਮਨ ਦੀ ਕੋਮਲਤਾ ਵਿਚ ਵਧਦੀਆਂ ਸਨ (ਤੁਲਨਾ ਜ਼ਬੂਰ 45:13)। ਇਹ ਦਾਊਦ ਦੀਆਂ ਅੱਠ ਬੀਵੀਆਂ ਵਿੱਚੋਂ ਇਕ ਬਣ ਗਈ; ਉਸ ਦੀਆਂ ਦੂਜੀਆਂ ਬੀਵੀਆਂ ਦੇ ਨਾਮ ਸਨ–ਮੀਕਲ (1 ਸਮੂਏਲ 18:27), ਬਥਸ਼ਬਾ (2 ਸਮੂਏਲ 12:24), ਅਹੀਨੋਅਮ, ਮਆਕਾਹ, ਹੱਗੀਥ, ਅਬੀਟਾਲ ਅਤੇ ਅਗਲਾਹ (2 ਸਮੂਏਲ 3:2–5)। ਇਨ੍ਹਾਂ ਅੱਠਾਂ ਵਿੱਚੋਂ ਸੰਭਵ ਤੌਰ ਤੇ ਅਬੀਗੈਲ ਹੀ ਦਾਊਦ ਦੀ ਜ਼ਿੰਦਗੀ ਵਿਚ ਸਭ ਤੋਂ ਵੱਧ ਭਲਿਆਈ ਦਾ ਕਾਰਣ ਬਣੀ।

1 ਸਮੂਏਲ 25:3, 14–42 ਸਾਡੀ ਜਾਣ ਪਛਾਣ ਇਕ ਅਨੋਖੀ ਔਰਤ ਨਾਲ ਕਰਾਉਂਦਾ ਹੈ। ਅਬੀਗੈਲ ਦੀ ਕਹਾਣੀ ਦੇ ਦਾਊਦ ਦੇ ਨਾਲ ਨਾਲ ਉਹਦੀ ਕਹਾਣੀ ਪੜ੍ਹਨ ਵਾਲੇ ਸਭ ਪਾਠਕਾਂ ਤੇ ਇਕ ਲੰਮਾ ਪ੍ਰਭਾਵ ਛੱਡਿਆ ਹੈ। ਇਸ ਅਨੋਖੀ ਔਰਤ ਵੱਲ ਧਿਆਨ ਦੇਣ ਦੇ ਬਾਅਦ, ਤੁਹਾਨੂੰ ਉਸ ਲਈ ਦਾਊਦ ਦੀ ਤਾਰੀਫ਼ ਅਤੇ ਲਗਾਅ ਦਾ ਕਾਰਣ ਅਸਾਨੀ ਨਾਲ ਸਮਝ ਆ ਸਕਦਾ ਹੈ।

## ਉਸਦਾ ਇਤਿਹਾਸ

ਅਬੀਗੈਲ ਦੀ ਕਹਾਣੀ ਅਜਿਹੇ ਸਮੇਂ ਵਿਚ ਮਿਲਦੀ ਹੈ ਜਦ ਨਾਸ਼ੁਕਰੀ ਅੱਖੜਪੁਣਾ, ਢੀਠਪੁਣਾ, ਘਿਰਣਾ, ਕੜਵਾਹਟ, ਕ੍ਰੋਧ ਅਤੇ ਮੂਰਖਤਾ ਭਰੀਆਂ ਗੱਲਾਂ ਭਾਵ ਜਜ਼ਬਾਤਾਂ ਨੂੰ ਠੇਸ ਪੁੱਜਦੀ ਹੈ। ਇਸ ਬੁਰੇ ਵਕਤ ਵਿਚ, ਅਬੀਗੈਲ ਦੀ ਮੌਜੂਦਗੀ ਇਕ ਅਜਿਹਾ ਚਮਕਦਾਰ ਪੁਆਇੰਟ ਹੈ, ਜਿਹੜਾ ਬੁਝ ਨਹੀਂ ਸਕਦਾ ਹੈ। ਦਾਊਦ ਦੀਆਂ ਟੁਕੜੀਆਂ ਨੇ ਨਾਬਾਲ ਦੇ ਇੱਜੜ ਦੀ ਰਖਵਾਲੀ ਕੀਤੀ ਸੀ। ਇਹ ਬਿਨਾਂ ਕਿਸੇ ਤਨਖ਼ਾਹ ਲਏ ਉਦਾਰਤਾ ਨਾਲ ਕੀਤੀ ਗਈ ਸੇਵਾ ਸੀ (25:22)। ਮੂਰਖ ਨਾਬਾਲ ਨੇ ਦਾਊਦ ਦੀ ਦਿਆਲਤਾ ਦਾ ਬਦਲਾ ਮੂਰਖਤਾ ਅਤੇ ਸਖ਼ਤੀ ਨਾਲ ਦਿੱਤਾ (25:3)। ਇਸ ਨਾਲ ਇਕ ਖ਼ੂਨੀ ਅਤੇ ਕੜਵਾਹਟ ਭਰੀ ਲੜਾਈ ਦੀ ਤਿਆਰੀ ਹੋ ਗਈ ਸੀ।

ਜਦ ਭਾਵਨਾਵਾਂ ਬੁਰੀ ਤਰ੍ਹਾਂ ਕੁਚਲੀਆਂ ਗਈਆਂ, ਤਾਂ ਦਾਊਦ ਨੂੰ ਰਾਹਤ ਪੁਚਾਉਣ ਲਈ ਅਬੀਗੈਲ ਨੇ ਦਾਖਲਾ ਲਿਆ (25:18ਤੋਂ)। ਉਹ ਦਾਊਦ ਲਈ ਤੋਹਫ਼ਾ ਲੈ ਕੇ ਆਈ ਅਤੇ ਹਲੀਮ ਹੋ ਕੇ ਮਾਫ਼ੀ ਮੰਗੀ। ਉਸ ਨੇ ਉਸ ਆਦਮੀ ਦੇ ਨਾਲ ਰਹਿਣਾ ਨਹੀਂ ਛੱਡਿਆ ਜਿਹਦੇ ਨਾਲ ਵਫ਼ਾਦਾਰ ਰਹਿਣ ਦੀ ਉਸ ਨੇ ਸਹੁੰ ਖਾਧੀ ਸੀ।

ਨਾਬਾਲ ਦੀ ਮੌਤ ਦੇ ਬਾਅਦ ਦਾਊਦ ਨੇ ਅਬੀਗੈਲ ਨੂੰ ਵਿਆਹ ਦੀ ਪੇਸ਼ਕਸ਼ ਕੀਤੀ (25:39)। ਦਾਊਦ ਦੀ ਬੀਵੀ ਅਤੇ ਦਾਊਦ ਦੇ ਪੁੱਤਰਾਂ ਦੀ ਮਾਂ ਦੇ ਰੂਪ ਵਿਚ ਅਬੀਗੈਲ ਨੇ ਚੰਗੀ ਸ਼ੁਰੂਆਤ ਕੀਤੀ (2 ਸਮੂਏਲ 3:3; 1 ਇਤਿਹਾਸ 3:1)। ਅਬੀਗੈਲ ਬਾਅਦ ਵਿਚ ਉਮਰ ਭਰ ਦਾਊਦ ਦੇ ਨਾਲ ਹੀ ਰਹੀ। ਇਹ ਕਲਪਨਾ ਕਰਨਾ ਔਖਾ ਨਹੀਂ ਹੈ ਕਿ ਦਾਊਦ ਚੰਗੀ ਸਲਾਹ ਲਈ ਸਮਝਦਾਰ ਬੀਵੀ ਦੀ ਤਲਾਸ਼ ਵਿਚ ਸੀ ਅਤੇ ਅਬੀਗੈਲ ਦੀ ਨੇਕ ਸਲਾਹ ਨੇ ਉਸ ਨੂੰ ਇਕ ਚੰਗੀ ਬੀਵੀ ਸਾਬਤ ਕੀਤਾ (25:33)।

## ਉਸ ਦੀਆਂ ਖ਼ੂਬੀਆਂ

ਅਬੀਗੈਲ ਦੇ ਜੀਵਨ ਅਤੇ ਸੁਭਾਅ ਬਾਰੇ ਪਾਏ ਜਾਣ ਵਾਲੇ ਗੁਣ ਅੱਜ ਚੰਗੀਆਂ ਔਰਤਾਂ ਲਈ ਆਦਰਸ਼ ਹੋ ਸਕਦੇ ਹਨ।

*ਉਸਦਾ ਆਦਰ ਹੁੰਦਾ ਸੀ (25:17)।* ਨੌਕਰਾਂ ਨੂੰ ਪਤਾ ਸੀ ਕਿ ਅਬੀਗੈਲ ਜਾਣਦੀ ਹੈ ਕਿ ਦਾਊਦ ਨਾਲ ਅਬੀਗੈਲ ਦੀ ਗੜਬੜੀ ਦੀ ਸਮੱਸਿਆ ਨੂੰ ਕਿਵੇਂ ਸੁਲਝਾਉਣਾ ਹੈ। ਨੌਕਰ ਉਸ ਦੇ ਤਰਕ ਅਤੇ ਫੈਸਲੇ ਦੀ ਕਦਰ ਕਰਦੇ ਸਨ (25:35)।

*ਉਹ ਕ੍ਰੋਧ ਨੂੰ ਸ਼ਾਂਤ ਕਰਨ ਵਿਚ ਸਮਰੱਥ ਸੀ (25:33, 35)।* ਪੂਰੀ ਸੰਭਾਵਨਾ ਹੈ ਕਿ ਉਸ ਨੇ ਨਾਬਾਲ ਦੇ ਅੱਖੜਪੁਣੇ ਲਈ ਪਹਿਲੀ ਵਾਰ ਮਾਫ਼ੀ ਨਹੀਂ ਮੰਗੀ ਹੋਵੇਗੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਨੇ ਕਈ ਵਾਰ ਸੁਲਾਹ ਕਰਾਉਣ ਵਾਲੇ ਦੀ ਭੂਮਿਕਾ ਨਿਭਾਈ ਹੋਵੇਗੀ। ਉਹ ਦਾਊਦ ਦੇ ਕ੍ਰੋਧ ਨੂੰ ਸ਼ਾਂਤ ਕਰਨ ਲਈ ਹੁਸ਼ਿਆਰੀ ਅਤੇ ਸਮਝ ਦੀ ਵਰਤੋਂ ਕਰਨ ਵਿਚ ਨਿਪੁੰਨ ਸੀ।

*ਖ਼ੁਦਾ ਤੇ ਉਸਦਾ ਬੜਾ ਵਿਸ਼ਵਾਸ ਸੀ (25:26ਤੋਂ)।* ਕਹਾਣੀ ਵਿਚ ਉਸ ਨੂੰ ਖ਼ੁਦਾ ਬਾਰੇ ਜਾਣੂ ਦੇ ਰੂਪ ਵਿਖਾਇਆ ਗਿਆ ਹੈ। ਆਪਣੇ ਪੱਕੇ ਭਰੋਸੇ ਦੇ ਕਾਰਣ ਉਹ ਨਾਬਾਲ ਨੇ ਨਾਲ ਰਹਿ ਕੇ ਔਖੇ ਦੌਰ 'ਚੋਂ ਗੁਜ਼ਰਨ ਦੇ ਬਾਵਜੂਦ ਵੀ ਇਕ ਭਲੀ ਔਰਤ ਬਣੀ ਰਹੀ। ਦਾਊਦ ਨਾਲ ਗੱਲ ਕਰਦੇ ਸਮੇਂ ਉਸ ਦੀਆਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਉਸ ਦਾ ਵਿਸ਼ਵਾਸ ਜ਼ਿੰਦਾ ਅਤੇ ਵਿਹਾਰਕ ਸੀ। 25:26, 27 ਵਿਚ ਉਸ ਨੇ ਅਜਿਹੇ ਇਜ਼ਹਾਰ ਦੀ ਵਰਤੋਂ ਕੀਤੀ ਜਿਸ ਤੋਂ

ਜਾਪਿਆ ਕਿ ਉਹ ਤੋਹਫ਼ਾ ਉਸ ਵੱਲੋਂ ਨਹੀਂ ਸੀ ਸਗੋਂ ਉਸ ਦੀ ਬੇਨਤੀ ਦੇ ਜਵਾਬ ਵਿਚ ਖ਼ੁਦਾ ਵੱਲੋਂ ਸੀ। ਉਸ ਨੇ ਭੋਜਨ ਮੁਹੱਈਆ ਕਰਵਾਉਣ ਦਾ ਖ਼ੁਦਾ ਦਾ ਉਪਕਾਰ ਜਾਨਿਆ।

*ਉਹ ਮਜ਼ਬੂਤ ਅਤੇ ਫੈਸਲੇ ਲੈਣ ਵਾਲੀ ਔਰਤ ਸੀ (25:18ਤੋਂ)।* ਹਾਲਾਤ ਬੜੇ ਨਾਜ਼ੁਕ ਸਨ ਅਤੇ ਉਸਨੇ ਫੁਰਤੀ ਨਾਲ ਕੰਮ ਕੀਤਾ। ਉਹ ਜਾਣਦੀ ਸੀ ਕਿ ਕੀ ਕਰਨਾ ਹੈ ਅਤੇ ਉਸ ਨੇ ਆਪਣਾ ਪੂਰਾ ਜ਼ੋਰ ਲਗਾ ਦਿੱਤਾ। ਦਾਊਦ ਕੋਲ ਜਾ ਕੇ, ਉਸ ਵਕਤ ਦੀ ਰਵਾਇਤ ਅਨੁਸਾਰ ਕੀਤਾ, ਪਰ ਉਸ ਨੇ ਇਹ ਪੱਕਾ ਕੀਤਾ ਕਿ ਕੰਮ ਸਹੀ ਢੰਗ ਨਾਲ ਹੋਵੇ (25:24)। ਉਹ ਦਾਊਦ ਨੂੰ ਇਹ ਦੱਸਣ ਤੋਂ ਡਰੀ ਨਹੀਂ ਕਿ ਬਦਲਾ ਲੈਣ ਦੀ ਉਸਦੀ ਪਿਆਸ ਗਲਤ ਸੀ। ਬਾਅਦ ਵਿਚ ਨਾਬਾਲ ਨਾਲ ਗੱਲਬਾਤ ਕਰਦੇ ਹੋਏ ਉਸ ਨੇ ਉਸ ਦੀ ਗਲਤੀ ਦੀ ਮੂਰਖਤਾ ਵੀ ਮੂੰਹ ਤੇ ਦੱਸ ਦਿੱਤੀ (25:37)।

*ਉਸ ਨੇ ਆਪਣੇ ਘਰਾਣੇ ਦੀ ਰਾਖੀ ਲਈ ਉਸ ਦੀ ਦੇਖਭਾਲ ਕੀਤੀ (25:31)।* ਅਬੀਗੈਲ ਦੀ ਸਭ ਤੋਂ ਵੱਡੀ ਪਹਿਲ ਆਪਣੇ ਘਰ ਦੀ ਸੁਰੱਖਿਆ ਸੀ। ਆਪਣੇ ਘਰ ਨੂੰ ਸੁਰੱਖਿਅਤ ਕਰਨ ਲਈ ਉਸ ਨੂੰ ਜੋ ਜ਼ਰੂਰੀ ਲੱਗਾ ਉਸ ਨੇ ਕੀਤਾ।

*ਉਹ ਦੀਨ ਅਤੇ ਹਲੀਮ ਸੀ (25:41, 44)।* ਦਾਊਦ ਕੋਲ ਪਹੁੰਚ ਕੇ ਉਹ ਦ੍ਰਿੜ ਤਾਂ ਸੀ ਪਰ ਹਲੀਮੀ ਨਾਲ। ਚਿੜੇ ਹੋਏ ਦਾਊਦ ਨਾਲ ਉਹ ਦੀ ਪੂਰੀ ਗੱਲਬਾਤ ਹਲੀਮੀ ਭਰੀ ਸੀ। ਇਸ ਦ੍ਰਿਸ਼ ਵਿਚ ਸਾਨੂੰ 1 ਪਤਰਸ 3:2–4 ਦੀ ਸ਼ਾਨਦਾਰ ਮਿਸਾਲ ਮਿਲਦੀ ਹੈ:

> ਜਿਸ ਵੇਲੇ ਓਹ ਤੁਹਾਡੀ ਪਵਿੱਤਰ ਚਾਲ ਢਾਲ ਨੂੰ ਜੋ ਅਦਬ ਦੇ ਨਾਲ ਹੋਵੇ ਵੇਖ ਲੈਣ। ਅਤੇ ਤੁਹਾਡਾ ਸ਼ਿੰਗਾਰ ਸਿਰ ਗੁੰਦਣ ਅਤੇ ਸੋਨੇ ਦੇ ਗਹਿਣੇ ਪਾਉਣ ਅਥਵਾ ਬਸਤਰ ਪਹਿਨਣ ਦੇ ਨਾਲ ਬਾਹਰਲਾ ਨਾ ਹੋਵੇ। ਪਰ ਉਹ ਮਨ ਦੀ ਗੁਪਤ ਇਨਸਾਨੀਅਤ ਹੋਵੇ ਜਿਹੜੀ ਓਸ ਅਵਨਾਸੀ ਸ਼ਿੰਗਾਰ ਨਾਲ ਹੈ ਅਰਥਾਤ ਕੋਮਲ ਅਤੇ ਗੰਭੀਰ ਆਤਮਾ ਨਾਲ ਕਿਉਂ ਜੋ ਇਹ ਪਰਮੇਸ਼ੁਰ ਦੇ ਲੇਖੇ ਵੱਡੇ ਮੁੱਲ ਦਾ ਹੈ।

*ਉਹ ਉਨ੍ਹਾਂ ਸਭਨਾਂ ਗੱਲਾਂ ਲਈ ਜਿਨ੍ਹਾਂ ਦੇ ਸੰਪਰਕ ਵਿਚ ਆਉਂਦੀ ਸੀ, ਇਕ ਬਰਕਤ ਸੀ (25:32)।* ਦਾਊਦ ਨਾਲ ਉਸ ਦੀ ਪਹਿਲੀ ਮੁਲਾਕਾਤ ਤੋਂ ਲਗਦਾ ਹੈ ਕਿ ਉਸ ਦੇ ਜੀਵਨ ਨੂੰ ਨਵਾਂ ਅਰਥ ਅਤੇ ਮਕਸਦ ਮਿਲ ਗਿਆ ਸੀ। ਅਬੀਗੈਲ ਨਾਲ ਮਿਲਣ ਅਤੇ ਉਸ ਨੂੰ ਜਾਣਨ ਦਾ ਸੁਭਾਅ ਪਾਉਣ ਵਾਲੇ ਕਿਸੇ ਵੀ ਆਦਮੀ ਨੂੰ ਦਾਊਦ ਦੀਆਂ ਭਾਵਨਾਵਾਂ ਦੀ ਚੰਗੀ ਤਰ੍ਹਾਂ ਸਮਝ ਹੋਵੇਗੀ।

*ਉਹ ਇਕ ਦਿਆਲੂ ਅਤੇ ਪ੍ਰਾਹੁਣਚਾਰੀ ਕਰਨ ਵਾਲੀ ਮੇਜ਼ਬਾਨ ਸੀ। (25:4)।* ਭੇਡਾਂ ਦੀ ਉੱਨ ਕਤਰਨ ਦੇ ਪਰਬਾਂ ਨੂੰ ਦਾਅਵਤਾਂ ਅਤੇ ਆਨੰਦ ਦੇ ਪਰਬ ਦੇ ਰੂਪ ਵਿਚ ਮਨਾਇਆ ਜਾਂਦਾ ਸੀ। ਅਜਿਹੇ ਤਿਉਹਾਰ ਲਈ ਤਿਆਰੀਆਂ ਕਰਨਾ ਔਖਾ ਅਤੇ ਥਕਾ ਦੇਣ ਵਾਲਾ ਹੁੰਦਾ ਸੀ। ਪਰ ਅਬੀਗੈਲ ਨੇ ਇਸ ਕੰਮ ਨੂੰ ਸਵੀਕਾਰ ਹੀ ਨਹੀਂ ਕੀਤਾ ਸਗੋਂ ਚੰਗੀ ਤਰ੍ਹਾਂ ਨਿਭਾਇਆ ਵੀ।

ਇਹ ਅਨੋਖੇ ਗੁਣ ਹੀ ਇਸ ਸੁੰਦਰ ਤੇ ਸਮਝਦਾਰ ਔਰਤ ਨੂੰ ਮਾਉਨ ਵਾਸੀ ਉਸ ਆਦਮੀ ਤੋਂ ਵੱਖ ਕਰਦੇ ਹਨ। ਉਹ ਸਚਮੁਚ ''ਸਰੋਸਰ ਤੇਜਵੰਤ'' ਹੈ (ਜ਼ਬੂਰ 45:13)।

## ਉਸ ਦੀਆਂ ਚੁਣੌਤੀਆਂ

ਆਪਣੀ ਮਿਸਾਲ ਵਿਚ, ਅਬੀਗੈਲ ਆਧੁਨਿਕ ਔਰਤ ਨੂੰ ਤਿੰਨ ਚੁਣੌਤੀਆਂ ਦਿੰਦੀ ਹੋਈ ਆਧੁਨਿਕ ਮਸੀਹੀ ਔਰਤਾਂ ਨੂੰ ਉਨ੍ਹਾਂ ਨੂੰ ਮੰਨਣ ਦਾ ਸੱਦਾ ਦਿੰਦੀ ਹੈ।

ਪਹਿਲੀ, ਉਹ ਔਰਤ ਨੂੰ ਅਜਿਹੀ ਔਰਤ ਬਣਨ ਦੀ ਚੁਣੌਤੀ ਦਿੰਦੀ ਹੈ, ਜਿਸਦੇ ਹੋਣ ਅਤੇ ਮੌਜੂਦਗੀ ਨਾਲ ਸਭ ਲੋਕਾਂ ਨੂੰ ਬਰਕਤ ਮਿਲੇ। ਅਬੀਗੈਲ ਦੇ ਨਾਮ ਤੋਂ ਭਾਵ ਸੀ ''ਆਨੰਦ ਦਾ ਕਾਰਣ'' ਅਤੇ ਦੂਜਿਆਂ ਤੇ ਉਸ ਦੇ ਪ੍ਰਭਾਵ ਲਈ ਉਸ ਦੀ ਸਹੀ ਵਿਆਖਿਆ ਹੈ। ਉਸ ਦੇ ਨਾਮ ਤੋਂ ਸੰਕੇਤ ਮਿਲਦਾ ਹੈ ਕਿਉਂਕਿ ਇਹ ਚਮਕਦਾਰ, ਅਨੰਦ ਦਾ ਇਕ ਅਤੇ ਮਨਮੋਹਣੀ ਸ਼ਖ਼ਸੀਅਤ ਵਾਲੀ ਔਰਤ ਸੀ। ਜਦ ਉਹ ਕਮਰੇ ਵਿਚ ਚੱਲਦੀ ਸੀ ਤਾਂ ਕਮਰਾ ਮਹਿਕ ਉੱਠਦਾ ਸੀ! ਉਸ ਦੇ ਚੱਲਣ ਨਾਲ ਸੂਰਜ ਵਿਚ ਚਮਕ ਆ ਜਾਂਦੀ, ਪੰਛੀ ਗਾਉਣ ਅਤੇ ਲੋਕਾਂ ਦੇ ਚਿਹਰਿਆਂ ਤੇ ਮੁਸਕੁਰਾਹਟ ਆ ਜਾਂਦੀ ਸੀ! ਉਸ ਦੀ ਮੌਜੂਦਗੀ ਇਕ ਬਰਕਤ ਸੀ, ਕਿਉਂਕਿ ਆਨੰਦ ਉਸ ਦਾ ਪੱਕਾ ਸੀ (25:32)।

ਉਹ ਕ੍ਰੋਧਿਤ ਅਤੇ ਚਿੜੇ ਹੋਏ ਆਦਮੀ ਨੂੰ ਸ਼ਾਂਤ ਕਰਨ ਦੀ ਯੋਗਤਾ ਦੇ ਨਾਲ ਇਕ ਬਰਕਤ ਸੀ। ਮਿੱਠੇ ਬੋਲ ਅਤੇ ਸ਼ਾਂਤ ਚਿੱਤ ਨਾਲ ਉਸਨੇ ਦਾਊਦ ਦੇ ਕ੍ਰੋਧ ਨੂੰ ਠੰਡਾ ਕੀਤਾ। ਉਸ ਵਿਚ ''ਤੁਫ਼ਾਨਾਂ ਨੂੰ ਸ਼ਾਂਤ ਕਰਨ'' ਦੀ ਸਮਰਥਾ ਸੀ (25:33; ਜ਼ਕਰਯਾਹ 8:19; 1 ਪਤਰਸ 3:11)। ਕਹਾਉਤਾਂ ਵਿਚ ਲਿਖਿਆ ਹੈ, ''ਬੁਰੀਆਂ ਜੁਗਤਾਂ ਕਰਨ ਵਾਲਿਆਂ ਦੇ ਮਨ ਵਿਚ ਛਲ ਹੁੰਦਾ ਹੈ, ਪਰ ਸ਼ਾਂਤੀ ਦੇ ਸਲਾਹੂਆਂ ਲਈ ਅਨੰਦ ਹੁੰਦਾ ਹੈ'' (12:20) ਅਤੇ ''ਟਿਕਾਣੇ ਸਿਰ ਆਖੇ ਹੋਏ ਬਚਨ ਚਾਂਦੀ ਦੀ ਝੰਜਰੀ ਵਿਚ ਸੋਨੇ ਦੇ ਸੇਬਾਂ ਵਰਗੇ ਹਨ'' (25:11)।

ਉਹ ਇਕ ਬਰਕਤ ਸੀ, ਕਿਉਂਕਿ ਦੂਜਿਆਂ ਦੀ ਮਦਦ ਕਰਨ ਦੇ ਉਸ ਨੂੰ ਬੜਾ ਅਨੰਦ ਮਿਲਦਾ ਸੀ। ਉਸ ਨੇ ਦਾਉਦ ਨੂੰ ਇਹ ਯਾਦ ਰੱਖਣ ਵਿਚ ਮਦਦ ਕੀਤੀ ਕਿ ਉਹ ਖ਼ੁਦਾ ਦਾ ਮਸਹ ਕੀਤਾ ਹੋਇਆ ਹੈ। ਉਸ ਨੇ ਆਖਿਆ, ''ਜਿਹੜਾ ਮਨੁੱਖ ਆਪਣੀ ਰੂਹ ਉੱਤੇ ਵੱਸ ਨਹੀਂ ਰੱਖਦਾ, ਉਹ ਉਸ ਢੱਠੇ ਹੋਏ ਨਗਰ ਵਰਗਾ ਹੈ ਜਿਹਦੀ ਸ਼ਹਿਰਪਨਾਹ ਨਾ ਹੋਵੇ'' (25:28)। ਉਸ ਨੇ ਦਾਊਦ ਨੂੰ ਇਹ ਯਾਦ ਰੱਖਣ ਵਿਚ ਵੀ ਮਦਦ ਕੀਤੀ ਕਿ ਉਹ ਖ਼ੁਦਾ ਦੀ ਸੰਭਾਲ ਅਤੇ ਪ੍ਰੇਮ ਕਰਨ ਵਾਲੀ ਚੀਜ਼ ਹੈ (25:30)। ਸੰਭਵ ਤੌਰ ਤੇ ਬਾਅਦ ਦੇ ਸਾਲਾਂ ਵਿਚ ਉਸ ਨੇ ਦਾਊਦ ਨੂੰ ਹੌਂਸਲਾ ਅਤੇ ਸਹਿਣਸ਼ੀਲਤਾ ਸਿੱਖਣ ਵਿਚ ਮਦਦ ਕੀਤੀ। ਪਰ ਉਸ ਨੇ ਦਾਊਦ ਦੀ ਹੀ ਨਹੀਂ ਸਗੋਂ ਹੋਰ ਕਈਆਂ ਦੀ ਵੀ ਮਦਦ ਕੀਤੀ। ਉਹ ਜਿੱਥੇ ਵੀ ਹੁੰਦੀ ਉੱਥੇ ਦੂਜਿਆਂ ਨੂੰ ਹੋਰ ਬੇਹਤਰ ਸੇਵਾ ਲਈ ਮਦਦ ਕਰਨ ਨੂੰ ਤਿਆਰ ਰਹਿੰਦੀ ਸੀ!

ਦੂਜਾ, ਉਹ ਔਰਤਾਂ ਨੂੰ ਆਪਣੇ ਜੀਵਨਾਂ ਵਿਚ ਕਮਰ ਕੱਸ ਕੇ ਵਿਸ਼ਵਾਸ ਰੱਖਣ ਦੀ ਚੁਣੌਤੀ ਦਿੰਦੀ ਹੈ! ਅਬੀਗੈਲ ਦੀ ਖੂਬਸੂਰਤੀ ਦਾ ਰਾਜ਼ ਉਸ ਦਾ ਵਿਸ਼ਵਾਸ ਸੀ! ਉਸ ਦੀ ਦੀਨਤਾ ਅਤੇ ਦਿਆਲਗੀ ਦੂਜਿਆਂ ਦੀ ਚਿੰਤਾ ਅਤੇ ਹਮਦਰਦੀ, ਫ਼ਜ਼ਲ ਅਤੇ ਮਨੋਹਰਤਾ ਖ਼ੁਦਾ ਵਿਚ ਉਸ ਦੇ ਵਿਸ਼ਵਾਸ ਦੇ ਕਾਰਣ ਹੀ ਆਈ ਸੀ (25:26–31)।

ਜੇ ਔਰਤਾਂ ਅਬੀਗੈਲ ਦੇ ਵਿਸ਼ਵਾਸ ਨੂੰ ਅਪਣਾ ਲੈਣ, ਤਾਂ ਉਹ ਬਹੁਤ ਸਾਰੀਆਂ ਬਰਕਤਾਂ ਦਾ ਕਾਰਣ ਹੋਣਗੀਆਂ। ਐ ਔਰਤੋ, ਆਪਣੀ ਜ਼ਿੰਦਗੀ ਨੂੰ ਵਿਸ਼ਵਾਸ ਨਾਲ ਜੋੜ ਲਓ ਜਿਵੇਂ ਅਬੀਗੈਲ ਨੇ ਜੋੜ ਲਿਆ ਸੀ!

ਤੀਜਾ, ਉਹ ਔਰਤਾਂ ਨੂੰ ਖ਼ੁਦਾ ਵਿਚ ਅਨੰਦ ਪਾਉਣ ਦੀ ਚੁਣੌਤੀ ਵੀ ਦਿੰਦੀ ਹੈ ਜਿਸ ਨਾਲ ਉਹ ਜ਼ਿੰਦਗੀ ਦੇ ਮੁਸ਼ਕਿਲ ਤੋਂ ਮੁਸ਼ਕਿਲ ਹਾਲਾਤ ਦਾ ਸਾਹਮਣਾ ਕਰਨ ਵਿਚ ਕਾਮਯਾਬ ਹੋਣ।

ਅਬੀਗੈਲ ਦਾ ਘਰੇਲੂ ਅਤੇ ਵਿਆਹਾਤਾ ਜੀਵਨ ਬਦ ਤੋਂ ਬੱਦਤਰ ਸੀ। ਉਸਨੂੰ ਕੋਈ ਅਨੰਦ ਜਾਂ ਸ਼ਾਂਤੀ ਨਹੀਂ ਸੀ, ਉਸ ਨੂੰ ''ਗੰਵਾਰ ਪਤੀ'' ਤੋਂ ਸਿਰਫ਼ ਨਿਰਾਸ਼ਾ ਹੀ ਮਿਲੀ ਸੀ। ਉਸ ਨੂੰ ਇਕ ਸ਼ਰਾਬੀ ਨਾਲ ਰਹਿਣਾ ਪੈਂਦਾ ਸੀ, ਕਿਉਂਕਿ ਉਸਦਾ ਪਤੀ ਨਾਸਤਿਕ ਅਤੇ ਬੇਅਹਿਸਾਸਾ ਆਦਮੀ ਸੀ। ਉਹ ਉਸ ਦੀਆਂ ਗ਼ਲਤੀਆਂ ਦੀ ਗੱਲ ਕਰ ਕੇ ਉਸ ਦੇ ਘੁਮੰਡੀਪੁਣੇ ਲਈ ਮਾਫ਼ੀ ਮੰਗ ਰਹੀ ਸੀ। ਪਰ ਉਸ ਦੀ ਆਪਣੀ ਕੋਈ ਗ਼ਲਤੀ ਨਹੀਂ ਸੀ।

ਕੁਝ ਮਸੀਹੀ ਔਰਤਾਂ ਸਾਹਮਣੇ ਬੜੀ ਚੁਣੌਤੀ ਹੁੰਦੀ ਹੈ। ਉਨ੍ਹਾਂ ਨੂੰ ਨਾਬਾਲ ਵਰਗੇ ਦੁਸ਼ਟ ਪਤੀ ਨਾਲ ਹਰ ਰੋਜ਼ ਰਹਿਣਾ ਪੈਂਦਾ ਹੈ। ਉਹ ਬਹਾਦਰ ਹਨ ਅਤੇ ਬੁੜਬੁੜ ਨਹੀਂ ਕਰਦੀਆਂ। ਕਠੋਰ ਅਤੇ ਘੁਮੰਡੀ ਜੀਵਨ ਸਾਥੀ ਬਣਨ ਦੇ ਬਜਾਇ ਉਹ ਖ਼ੁਦਾ ਦੀਆਂ ਵਫ਼ਾਦਾਰ ਰਹਿੰਦੀ ਹੈ। ਉਨ੍ਹਾਂ ਲਈ ਇਹ ਚੁਣੌਤੀ ਅਸਾਨ ਨਹੀਂ ਹੈ। ਐ ਔਰਤੋ, ਜੇ ਤੁਸੀਂ ਕਿਤੇ ਆਪਣੇ ਘਰ ਵਚ ''ਨਾਬਾਲ'' ਦੇ ਨਾਲ ਰਹਿਣ ਕਾਰਣ ਹਿੰਮਤ ਛੱਡ ਦੇਣ ਦੀ ਤਾਂ ਨਹੀਂ ਸੋਚ ਰਹੀਆਂ ਹੋ, ਹਿੰਮਤ ਨਾ ਹਾਰੋ! ਖ਼ੁਦਾ ਦਾ ਖੌਫ਼ ਰੱਖਣ ਵਾਲੀ ਅਬੀਗੈਲ ਨੂੰ ਯਾਦ ਰੱਖੋ।

## ਸਾਰ

ਅਬੀਗੈਲ ਨਿਰੀ ਖੂਬਸੂਰਤ ਹੀ ਨਹੀਂ, ਸਗੋਂ ਉਸ ਦਾ ਚਰਿੱਤਰ ਅਤੇ ਵਿਸ਼ਵਾਸ ਵੀ ਉਸਦੀ ਖੂਬਸੂਰਤੀ ਦੇ ਕਾਰਣ ਸਨ। ਉਸ ਨੇ ਵੱਡੀਆਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਬੜੀ ਦਲੇਰੀ ਨਾਲ ਕੀਤਾ, ਉਸ ਨੇ ਕ੍ਰੋਧ ਨਾਲ ਭਰੇ ਮਨ ਨੂੰ ਸ਼ਾਂਤ ਕੀਤਾ ਅਤੇ ਕ੍ਰੋਧੀ ਸ਼ਰਾਬੀ ਨੂੰ ਡਾਂਟਿਆ। ਉਹ ਅਸਲ ਵਿਚ ਇਕ ਦਲੇਰ ਔਰਤ ਸੀ! ਉਸਦੀ ਤਾਕਤ ਦਾ ਇੱਕੋ ਕਾਰਣ ਸੀ, ਖ਼ੁਦਾ ਉੱਤੇ ਉਸ ਦਾ ਭਰੋਸਾ!

ਔਰਤੋ, ਆਪਣੀ ਜ਼ਿੰਦਗੀ ਵਿਚ ਇਨ੍ਹਾਂ ਵਿਚਾਰਾਂ ਨੂੰ ਧਿਆਨ ਨਾਲ ਲਾਗੂ ਕਰੋ। ਆਪਣੇ ਪ੍ਰਭਾਵ ਨੂੰ ਵੇਖੋ ਅਤੇ ਪੱਕਾ ਕਰੋ ਕਿ ਉਸ ਦੀ ਵਰਤੋਂ ਸ਼ਾਂਤੀ ਕਾਇਮ ਕਰਨ, ਅਤੇ ਦੂਜਿਆਂ ਲਈ ਵਿਸ਼ਵਾਸ ਦੇ ਮਕਸਦ ਵਿਚ ਕੰਮ ਆ ਸਕੋ। ਆਪਣੇ ਆਪ ਨੂੰ ''ਅਬੀਗੈਲ'' ਮੰਨ ਕੇ ਇਸ ਸੰਸਾਰ ਵਿਚ ''ਅਨੰਦ ਦਾ ਕਾਰਣ'' ਬਣ ਜਾਵੋ!